# ਰੋਜਾਨਾ ਕਰਾਈਮ ਡਾਇਰੀ
# ਮਿਤੀ 12-04-2024

| ਲੜੀ ਨੰ: | ਥਾਣਾ | ਮੁਕੱਦਮੇ ਦਾ ਵੇਰਵਾ | ਮੁਦਈ ਦਾ ਪੂਰਾ ਨਾਮ ਤੇ ਟੈਲੀਫੋਨ ਨੰ:/ਮੋਬ: ਨੰ: | ਦੋਸ਼ੀਆਂ ਦਾ ਵੇਰਵਾ | ਸੰਖੇਪ ਹਾਲਾਤ | ਮਾਲ ਮੁਕੱਦਮੇ ਦਾ ਵੇਰਵਾ | ਤਫਤੀਸ਼ੀ ਅਫਸਰ ਅਤੇ ਮੋਬ: ਨੰ |
|---|---|---|---|---|---|---|---|
| 1 | ਅਜਨਾਲਾ | 59 ਮਿਤੀ 11-4-24 ਜੁਰਮ 379 IPC 21-1 M Act | ਐਸ.ਆਈ ਕੈਲਾਸ਼ ਚੰਦਰ 9780006766 | 1. ਬਾਊ ਸਿੰਘ ਪੁੱਤਰ ਕੁਲਵੰਤ ਸਿੰਘ ਵਾਸੀ ਪਿੰਡ ਭੋਏਵਾਲੀ<br>2. ਵਿੱਕੀ ਪੁੱਤਰ ਪ੍ਰਗਟ ਮਸੀਹ ਵਾਸੀ ਚੱਕ ਔਲ<br>3. ਸੁਖਪਾਲ ਸਿੰਘ ਪੁੱਤਰ ਗੁਰਮੇਜ ਸਿੰਘ ਵਾਸੀ ਪਿੰਡ ਚੱਕ<br>ਗ੍ਰਿਫਤਾਰੀ ਨਿੱਲ | ਮਨ SI ਸਮੇਤ ਪੁਲਿਸ ਪਾਰਟੀ ਵਾ ਤਲਾਸ਼ ਭੈੜੇ ਪੁਰਸ਼ਾਂ ਦੇ ਸਬੰਧ ਵਿਚ ਪਿੰਡ ਸਾਰੰਗਦੇਵ ਮੋੜ ਪਰ ਪੁੱਜੀ ਤਾਂ ਮੁਖਬਰ ਖਾਸ ਨੇ ਪੁਲਿਸ ਪਾਰਟੀ ਨੂੰ ਰੋਕ ਕੇ ਇਤਲਾਹ ਦਿੱਤੀ ਕਿ ਬਾਊ ਸਿੰਘ ਪੁੱਤਰ ਕੁਲਵੰਤ ਸਿੰਘ ਵਾਸੀ ਪਿੰਡ ਭੋਏਵਾਲੀ ਥਾਣਾ ਅਜਨਾਲਾ ਜਿਸ ਨੇ ਪਿੰਡ ਰਾਏਪੁਰ ਕਲਾਂ ਵਿਚ ਆਪਣੀ ਜਮੀਨ ਵਿਚ ਰੇਤਾ ਦੀ ਖੱਡ ਪੁੱਟੀ ਹੋਈ ਜਿਸ ਵਿਚੋਂ ਨਜਾਇਜ ਮਾਇਨਿੰਗ ਕਰਕੇ ਸੁਖਪਾਲ ਸਿੰਘ ਪੁੱਤਰ ਗੁਰਮੇਜ ਸਿੰਘ ਵਾਸੀ ਪਿੰਡ ਚੱਕ ਔਲ ਆਪਣੀ ਗੱਡੀ ਮਹਿੰਦਰਾ ਬਲੈਰੋਂ ਨੰਬਰੀ PB02-BX-6868, ਵਿੱਕੀ ਪੁੱਤਰ ਪ੍ਰਗਟ ਮਸੀਹ ਵਾਸੀ ਚੱਕ ਔਲ ਆਪਣੀ ਗੱਡੀ ਮਹਿੰਦਰਾ ਬਲੈਰੋ ਨੰਬਰੀ PB02- CR-9691 ਵਿਚ ਚੋਰੀ ਰੇਤਾ ਲੋਡ ਕਰ ਰਹੇ ਹਨ ਜੇਕਰ ਪਿੰਡ ਰਾਏਪੁਰ ਬਾਊ ਸਿੰਘ ਵੱਲੋਂ ਖੇਤਾਂ ਵਿਚ ਪੁੱਟੀ ਹੋਈ ਰੇਤਾ ਦੀ ਖੱਡ ਤੇ ਹੁਣੇ ਰੇਡ ਕੀਤਾ ਜਾਵੇ ਤਾਂ ਸੁਖਪਾਲ ਸਿੰਘ ਅਤੇ ਵਿੱਕੀ ਸਮੇਤ ਗੱਡੀਆਂ ਸਮੇਤ ਚੋਰੀ ਨਜਾਇਜ ਮਾਇਨਿੰਗ ਕਰਦੇ ਹੋਏ ਆਪ ਜੀ ਦੇ ਕਾਬੂ ਆ ਸਕਦੇ ਹਨ।ਜਿਸਤੇ ਮਨ ਸਮੇਤ ਸਾਥੀ ਕਰਮਚਾਰੀਆਂ ਪਿੰਡ ਰਾਏਪੁਰ ਪੁੱਜ ਕੇ ਬਾਊ ਸਿੰਘ ਦੇ ਖੇਤਾਂ ਵਿਚ ਪੁੱਟੀ ਹੋਈ ਖੱਡ ਤੇ ਰੇਡ ਕੀਤਾ ਤਾਂ ਇਕ ਗੱਡੀ ਮਹਿੰਦਰਾ ਬਲੈਰੋ ਨੰਬਰੀ PB02-BX-6868 ਅਤੇ ਇਕ ਗੱਡੀ ਮਹਿੰਦਰਾ ਬਲੈਰੋ ਨੰਬਰੀ PB02- CR-9691 ਦੇ ਡਰਾਇਵਰ ਖੇਡ ਵਿਚੋਂ ਰੇਤਾ ਲੋਡ ਕਰਕੇ ਖੱਡ ਵਿਚੋਂ ਨਿਕਲ ਰਹੇ ਸਨ ਜੋ ਪੁਲਿਸ ਪਾਰਟੀ ਨੂੰ ਦੇਖ ਕੇ ਗੱਡੀਆਂ ਖੱਢ ਵਿਚ ਹੀ ਰੋਕ ਕੇ ਮੌਕਾ ਤੋਂ ਭੱਜਣ ਵਿਚ ਕਾਮਯਾਬ ਹੋ ਗਏ ਜਿਸ ਤੇ ਮੁਕੱਦਮਾ ਉਕਤ ਦਰਜ ਰਜਿਸਟਰ ਕੀਤਾ ਗਿਆ | ਇਕ ਗੱਡੀ ਮਹਿੰਦਰਾ ਬਲੈਰੋ ਨੰਬਰੀ PB02-BX-6868 ਅਤੇ ਇਕ ਗੱਡੀ ਮਹਿੰਦਰਾ ਬਲੈਰੋ ਨੰਬਰੀ PB02-CR-9691 ਸਮੇਤ 2/2 ਸੈਕੜੇ ਰੇਤਾ | ਐਸ.ਆਈ ਕੈਲਾਸ਼ ਚੰਦਰ 9780006766 |
| 2 | ਮਜੀਠਾ | 37 ਮਿਤੀ 11-04-2024 ਜੁਰਮ 341,364-ਏ,392,386,323,324,506, 148,149 ਭ:ਦ | ਅਜੇ ਪੁੱਤਰ ਸੁਖਦੇਵ ਸਿੰਘ ਵਾਸੀ ਪਿੰਡ ਨਾਗ ਕਲਾ ਥਾਣਾ ਮਜੀਠਾ ਜਿਲਾ ਅੰਮ੍ਰਿਤਸਰ | 1. ਜੁਗਲ ਕਿਸ਼ੋਰ ਪੁੱਤਰ ਬਲਵੰਤ ਸਿੰਘ ਵਾਸੀ ਸਬਜੀ ਮੰਡੀ ਮਜੀਠਾ<br>2. ਸੰਦੀਪ ਸਿੰਘ ਉਰਫ ਡੀ.ਸੀ ਪੁੱਤਰ ਜਗਤਾਰ ਸਿੰਘ ਵਾਸੀ ਰੋੜੀ ਮਜੀਠਾ<br>3. ਸਕਾਈ ਲਵ ਉਰਫ ਸਕਾਈ ਵੇਅ ਵਾਸੀ ਰੋੜੀ<br>4. ਸੁਨੀਲ ਵਾਸੀ ਅਜਨਾਲਾ<br>5. ਅਕਾਸ ਵਾਸੀ ਮਜੀਠਾ<br>ਗ੍ਰਿਫਤਾਰੀ ਨਿੱਲ | ਮੁਦੱਈ ਨੇ ਬਿਆਨ ਕੀਤਾ ਕਿ ਮੈ ਉਕਤ ਪਤੇ ਦਾ ਰਹਿਣ ਵਾਲਾ ਹਾਂ ਅਤੇ ਮਿਤੀ 4-4-2024 ਨੂੰ ਮੈ ਕੈਨਰਾ ਬੈਕ ਮਜੀਠਾ ਵਿਖੇ ਆਪਣੇ ਛੋਟੇ ਹਾਥੀ ਦੀ ਕਿਸ਼ਤ ਜਮਾ ਕਰਵਾਉਣ ਲਈ ਆਪਣੇ ਮੋਟਰਸਾਇਕਲ ਨੰਬਰੀ PB-81-3576 ਪਰ ਸਵਾਰ ਹੋ ਕੇ ਮਜੀਠਾ ਆਇਆ ਸੀ ਮੇਰੀ ਬੈਕ ਅਕਾਉਟ ਵਾਲੀ ਕਾਪੀ ਘਰ ਰਹਿ ਗਈ ਸੀ। ਮੈ ਆਪਣੀ ਕਾਪੀ ਵਾਪਸ ਲੈਣ ਲਈ ਘਰ ਜਾ ਰਿਹਾ ਸੀ । ਜਦ ਮੈ ਬਾਜ ਰਿਜੋਰਟ ਨਾਗ ਕਲਾ ਨੇੜੇ ਪੁੱਲ ਸੁਆ ਤੇ ਪੁੱਜਾ ਤਾ ਵਕਤ ਕਰੀਬ 10:20 AM ਦਾ ਹੋਵੇਗਾ ਕਿ ਇਕ ਗੱਡੀ ਆਈ 20 ਰੰਗ ਚਿੱਟਾ ਜਿਸਨੂੰ ਜੁਗਲ ਕਿਸ਼ੋਰ ਪੁੱਤਰ ਬਲਵੰਤ ਸਿੰਘ ਵਾਸੀ ਸਬਜੀ ਮੰਡੀ ਮਜੀਠਾ ਚਲਾ ਰਿਹਾ ਸੀ ਆਏ ਅਤੇ ਇਹਨਾ ਨਾਲ ਇਕ ਹੋਰ ਗੱਡੀ ਸੀ ਜੋ ਪਿੱਛੈ ਖੜੀ ਸੀ ਜੁਗਲ ਕਿਸ਼ੋਰ ਨੇ ਆਪਣੀ ਗੱਡੀ ਮੇਰੇ ਮੋਟਰਸਾਇਕਲ ਅੱਗੇ ਲਾ ਦਿੱਤੀ ਅਤੇ ਮੈ ਆਪਣਾ ਮੋਟਰਸਾਇਕਲ ਰੋਕ ਦਿੱਤਾ ਤਾ ਗੱਡੀ ਵਿਚੋ ਡਰਾਇਵਰ ਸ਼ੀਟ ਤੋ ਜੁਗਲ ਕਿਸ਼ੋਰ, ਸੰਦੀਪ ਸਿੰਘ ਉਰਫ ਡੀ.ਸੀ ਪੁੱਤਰ ਜਗਤਾਰ ਸਿੰਘ ਵਾਸੀ ਰੋੜੀ ਮਜੀਠਾ ਉਸਦੇ ਨਾਲ ਅਗਲੀ ਸ਼ੀਟ ਤੋ ਅਤੇ ਸਕਾਈ ਲਵ ਉਰਫ ਸਕਾਈ ਵੇਅ ਵਾਸੀ ਰੋੜੀ ਅਤੇ ਸੁਨੀਲ ਵਾਸੀ ਅਜਨਾਲਾ ਜੋ ਜੁਗਲ ਕਿਸ਼ੋਰ ਦੇ ਘਰ ਰਹਿੰਦਾ ਹੈ ਜੋ ਦੋਵੇ ਗੱਡੀ ਦੀ ਪਿਛਲੀਆ ਬਾਰੀਆ ਰਾਹੀ ਗੱਡੀ ਵਿਚੋ ਨਿਕਲੇ ਅਤੇ ਜੁਗਲ ਕਿਸ਼ੋਰ ਉਕਤ ਨੇ ਮੈਨੂੰ ਧੱਕਾ ਮਾਰ ਕੇ ਮੋਟਰਸਾਇਕਲ ਤੋ ਸੁੱਟ ਦਿੱਤਾ ਅਤੇ ਉਕਤਾ ਚਾਰਾ ਵਿਅਕਤੀਆ ਨੇ ਮੇਰੀ ਕੁੱਟ ਮਾਰ ਕਰਕੇ ਮੈਨੂੰ ਧੱਕੇ ਨਾਲ ਅਗਵਾ ਕਰਕੇ ਆਪਣੀ ਗੱਡੀ ਵਿੱਚ ਪਾ ਥਰੀਏਵਾਲ ਨਹਿਰ ਤੇ ਲੈ ਗਏ । ਜਿਥੇ ਉਕਤਾਨਾ ਨੇ ਮੇਰੀ ਬਹੁਤ ਹੀ ਜਿਆਦਾ ਕੁੱਟਮਾਰ ਕੀਤੀ ਤੇ ਜਖਮੀ ਕੀਤਾ।ਮੇਰੀ ਜੇਬ ਵਿਚੋ ਕਿਸ਼ਤ ਦੇ 14500 ਰੁਪਏ ਤੇ ਮੇਰਾ ਮੋਬਾਇਲ ਫੋਨ ਮਾਰਕਾ ਸੈਮਸੰਗ ਜਿਸ ਵਿਚ ਸਿਮ ਨੰਬਰ 86990-94307, 70090-00937 ਕੱਢ ਲਿਆ । ਤੇ ਕਹਿਣ ਲੱਗੇ ਕਿ ਘਰ ਵਿੱਚ ਜਿੰਨਾ ਪੈਸਾ ਤੇ ਸੋਨੇ ਦੇ ਗਹਿਣੇ ਪਏ ਹਨ ਮੰਗਵਾ ਲੈ ਨਹੀ ਤਾ ਤੈਨੂੰ ਜਾਨੋ ਮਾਰ ਦੇਵਾਗੇ ਤਾ ਜੁਗਲ ਕਿਸ਼ੋਰ ਨੇ ਇੰਸਟਾਗਰਾਮ ਤੇ ਮੇਰੀ ਪਤਨੀ ਸੁਨੀਤਾ ਨਾਲ ਗੱਲ ਕਰਵਾਈ ਜਿਸਨੂੰ ਮੈ ਕਿਹਾ ਕਿ ਘਰ ਵਿਚ ਜਿਨੇ ਸੋਨੇ ਦੇ ਗਹਿਣੇ ਪਏ ਹਨ ਇਹਨਾ ਨੂੰ ਦੇਦੇ ਜਿਸਤੇ ਮੇਰੀ ਪਤਨੀ ਨੇ ਘਰ ਵਿਚ ਪਏ ਸੋਨੇ ਦੇ ਗਹਿਣੇ ਵਿਜੇਪਾਲ ਸਿੰਘ ਅਤੇ ਵੱਸਣ ਸਿੰਘ ਨੂੰ ਦੇ ਦਿੱਤੇ ਜੋ ਉਕਤ ਚਾਰੇ ਜਾਣੇ ਮੈਨੂੰ ਆਪਣੀ ਗੱਡੀ ਵਿਚ ਪਾ ਕੇ ਵੱਖ ਵੱਖ ਥਾਵਾ ਤੇ ਘੁਮਾਉਦੇ ਰਹੇ ਫਿਰ ਉਹਨਾ ਨੇ ਕਿਹਾ ਕਿ ਕੈਸ਼ ਮੰਗਵਾ ਨਹੀ ਤਾ ਜਾਨੋ ਮਾਰ ਦੇਵਾਗਾ । ਜਿਸ ਨੂੰ ਮੈ ਡਰਦੇ ਮਾਰੇ ਨੇ | | ਏ.ਐਸ.ਆਈ ਹਰਜਿੰਦਰ ਸਿੰਘ 70094-94001 |

| | | | | | | | |
|---|---|---|---|---|---|---|---|
| | | | | | ਕਿਹਾ ਕਿ ਮੇਰੀ ਇਕ ਮੁੰਦਰੀ ਸੋਨਾ ਸਿਮਰਨ ਜਿਊਲਰ ਦੁਕਾਨ ਜਸਵੰਤ ਸਿੰਘ ਵਾਸੀ ਮਜੀਠਾ ਘੁੱਗੀ ਸਨਿਆਰੇ ਕੋਲ ਪਈ ਹੈ ਮੈ ਉਸ ਪਾਸੋ ਪੈਸੇ ਮੰਗਵਾ ਦਿੰਦਾ ਹਾ ਜੁਗਲ ਕਿਸ਼ੋਰ ਨੇ ਫਿਰ ਆਪਣੇ ਫੋਨ ਤੋ ਅਕਾਸ ਨਾਮ ਦੇ ਲੜਕੇ ਨੂੰ ਫੋਨ ਲੱਗਾ ਕੇ ਕਿਹਾ ਕਿ ਘੁੱਗੀ ਸਨਿਆਰੇ ਕੋਲ ਜਾ ਕੇ ਮੇਰੀ ਗੱਲ ਕਰਵਾ ਦੇ ਜਿਸਤੇ ਅਕਾਸ ਨੇ ਘੁੱਗੀ ਸਨਿਆਰਾ ਵਾਸੀ ਮਜੀਠਾ ਦੀ ਦੁਕਾਨ ਤੇ ਜਾ ਕੇ ਮੇਰੀ ਗੱਲ ਸੁਨਿਆਰੇ ਨਾਲ ਕਰਵਾਈ ਜਿਸਨੂੰ ਮੈ ਕਿਹਾ ਕਿ ਮੈ ਅਜੇ ਵਾਸੀ ਨਾਗ ਕਲਾ ਬੋਲਦਾ ਹਾ ਇਸਨੂੰ 40000 ਰੁਪਏ ਦੇ ਦਿਉ। ਜਿਸਨੇ 40000 ਰੁਪਏ ਮੇਰੇ ਕਹਿਣ ਤੇ ਅਕਾਸ ਨੂੰ ਦੇ ਦਿੱਤੇ। ਅਤੇ ਉਕਤ ਸਾਰੇ ਮੈਨੂੰ ਗੱਡੀ ਵਿਚ ਪਾ ਕੇ ਚਵਿੰਡਾ ਦੇਵੀ ਕਿਸੇ ਮੋਟਰ ਤੇ ਲ਼ੈ ਗਏ ਤੇ ਫਿਰ ਮੇਰੀ ਕੁੱਟ ਮਾਰ ਕੀਤੀ ਉਥੇ ਵੱਸ਼ਣ ਸਿੰਘ ਅਤੇ ਵਿਜੇ ਪਾਲ ਸਿੰਘ ਗਹਿਣੇ ਲੈ ਕੇ ਆ ਗਏ ਤੇ ਜਿਹਨਾ ਨੇ ਜੁਗਲ ਕਿਸ਼ੋਰ ਨੂੰ ਗਹਿਣੇ ਦਿੱਤੇ ਤੇ ਕਿਹਾ ਕਿ ਇਸਨੂੰ ਛੱਡ ਦਿਉ। ਜਿਸਤੇ ਮੈਨੂੰ ਜਖਮੀ ਹਾਲਤ ਵਿਚ ਜੁਗਲ ਕਿਸ਼ੋਰ ਨੇ ਵੱਸ਼ਣ ਸਿੰਘ ਅਤੇ ਵਿਜੇ ਪਾਲ ਸਿੰਘ ਦੇ ਹਵਾਲੇ ਕੀਤਾ। ਜਿਸਤੇ ਉਕਤ ਮੁੱਕਦਮਾ ਦਰਜ ਰਜਿਸਟਰ ਕੀਤਾ ਗਿਆ। | | |
| 3 | ਲ਼ੋਪੋਕੇ | 75 ਮਿਤੀ 11/04/2024 ਜੁਰਮ 379-ਬੀ/34 ਭ.ਦ 25/27/54/59 ਅਸਲਾ ਐਕਟ | ਨਵਤੇਜਪਾਲ ਸਿੰਘ ਪੁੱਤਰ ਸ.ਸੁਖਦੇਵ ਸਿੰਘ ਵਾਸੀ ਪਿੰਡ ਚੋਗਾਵਾ 40 ਸਾਲ 85679-00058 | ਨਾਮਲੂਮ | ਇਹ ਮੁਕੱਦਮਾ ਬਰ ਬਿਆਨ ਨਵਤੇਜਪਾਲ ਸਿੰਘ ਪੁੱਤਰ ਸੁਖਦੇਵ ਸਿੰਘ ਵਾਸੀ ਪਿੰਡ ਚੋਗਾਵਾ ਥਾਣਾ ਲੋਪੋਕੇ ਜਿਲਾ ਅੰਮ੍ਰਿਤਸਰ ਉਮਰ ਕ੍ਰੀਬ 40 ਸਾਲ ਮੋਬਾਇਲ ਨੰਬਰ 85679-00058 ਬਿਆਨ ਕੀਤਾ ਕਿ ਮੈਂ ਉਕਤ ਪਤੇ ਦਾ ਰਹਿਣ ਵਾਲਾ ਹਾ ਤੇ ਮੇਰਾ ਨਾਇਰਾ ਪੈਟਰੋਲ ਪੰਪ ਮਾਨਾਵਾਲਾ ਭਿੱਟੇਵਿੰਡ ਰੋਡ ਪਰ ਹੈ। ਜਿਸ ਤੇ ਮੈਂ ਕੰਮ ਕਰਨ ਲਈ ਸਮਸੇਰ ਸਿੰਘ ਪੁੱਤਰ ਮੰਗਲ ਸਿੰਘ ਵਾਸੀ ਮਹਿਮਦਪੁਰ ਥਾਣਾ ਲੋਪੋਕੇ ਅਤੇ ਅਰਜੁਨ ਸਿੰਘ ਪੁੱਤਰ ਰੇਸਮ ਸਿੰਘ ਵਾਸੀ ਮਾਨਾਵਾਲਾ ਥਾਣਾ ਲੋਪੋਕੇ ਨੂੰ ਤੇਲ ਪਾਉਣ ਲਈ ਰੱਖਿਆ ਹੋਇਆ ਹੈ। ਕੱਲ ਮਿਤੀ 10.04.2024 ਨੂੰ ਵਕਤ ਕ੍ਰੀਬ 4.25 ਸਾਮ ਦਾ ਹੋਵੇਗਾ ਕਿ ਸਮਸੇਰ ਸਿੰਘ ਪੁੱਤਰ ਮੰਗਲ ਸਿੰਘ ਵਾਸੀ ਮਹਿਮਦਪੁਰ ਥਾਣਾ ਲੋਪੋਕੇ ਵਹੀਕਲਾਂ ਵਿੱਚ ਤੇਲ ਪਾ ਰਿਹਾ ਸੀ। ਤਾਂ ਅਚਾਨਕ ਦੋ ਵਿਅਕਤੀ ਨਾ-ਮਾਲੂਮ ਮੋਟਰ ਸਾਇਕਲ ਨੰਬਰ ਬਿਨਾ ਨੰਬਰ ਮਾਰਕਾ ਪਲੱਸਰ ਰੰਗ ਲਾਲ ਤੇ ਆਏ। ਜਿਹਨਾਂ ਦੇ ਮੂੰਹ ਬੰਨੇ ਹੋਏ ਸੀ। ਜਿਹਨਾਂ ਨੇ ਮਸੀਨਾਂ ਪਾਸ ਮੋਟਰ ਸਾਇਕਲ ਰੋਕਿਆ ਤੇ ਮੋਟਰ ਸਾਇਕਲ ਪਿੱਛੇ ਨੋਜੁਵਾਨ ਨੇ ਸਮਸੇਰ ਸਿੰਘ ਨੂੰ ਪਿਸਤੋਲ ਦਿਖਾਇਆ ਤੇ ਉਸ ਨੂੰ ਪਿਸਤੋਲ ਦਾ ਡਰ ਦਿਖਾਕੇ ਕਿਹਾ ਤੇਰੇ ਕੋਲ ਜੋ ਕੁੱਝ ਹੈ ਮੇਰੇ ਹਵਾਲੇ ਕਰ ਦੇ ਤਾਂ ਉਸ ਨੇ ਡਰਦੇ ਮਾਰੇ ਉਸ ਪਾਸ ਜੋ ਤੇਲ ਦੀ ਵਿਕਰੀ ਦਾ 7000 ਰੁਪਏ ਸਨ। ਉਸਦੇ ਸੁਪਰਦ ਕਰ ਦਿੱਤੇ। ਜੋ ਕਿ ਪੈਸੇ ਲੈ ਕੇ ਆਪਣਾ ਮੋਟਰ ਸਾਇਕਲ ਭਿੱਟੇਵਿੰਡਾ ਨੂੰ ਲੈ ਗਏ। ਜਿਹਨਾਂ ਨੇ ਮੈਨੂੰ ਇਹ ਸਾਰੀ ਗੱਲ ਬਜਰੀਆਂ ਫੋਨ ਦੱਸੀ। ਜੋ ਹੁਣ ਤੱਕ ਮੈਂ ਆਪਣੇ ਤੋਰ ਨਾ-ਮਾਲੂਮ ਮੋਟਰ ਸਾਇਕਲਾਂ ਸੁਵਾਰਾਂ ਦੀ ਭਾਲ ਕਰਦੇ ਰਹੇ ਹਾ। ਪਰ ਉਹਨਾਂ ਦਾ ਹੁਣ ਤੱਕ ਕੋਈ ਪਤਾ ਨਹੀ ਲੱਗਾ ਹੈ। ਜੋ ਅੱਜ ਆਪ ਪਾਸ ਬਤੌਰ ਇਤਲਾਹ ਆਇਆ ਹਾ। ਇਹਨਾਂ ਨਾ-ਮਾਲੂਮ ਮੋਟਰ ਸਾਇਕਲਾਂ ਸੁਵਾਰਾਂ ਦੀ ਭਾਲ ਕੀਤੀ ਜਾਵੇ ਜੀ। ਇਹਨਾਂ ਖ਼ਿਲਾਫ ਕਾਨੂੰਨੀ ਕਾਰਵਾਈ ਕੀਤੀ ਜਾਵੇ। ਆਪ ਪਾਸ ਬਿਆਨ ਲਿਖਾ ਦਿੱਤਾ ਸੁਣ ਲਿਆ ਠੀਕ ਹੈ।ਜਿਸ ਤੇ ਮੁਕੱਦਮਾ ਦਰਜ ਰਜਿਸਟਰ ਕੀਤਾ ਗਿਆ । | | ASI ਮਾਨ ਸਿੰਘ 9780004728 |
| 4 | ਤਰਸਿੱਕਾ | 20 ਮਿਤੀ 11-04-2024 ਜੁਰਮ 307,452,506,148,149,**IPC**, **25-54-59-ARM ACT,** | ਸੰਤੋਖ ਸਿੰਘ ਪੁੱਤਰ ਬੀਰ ਸਿੰਘ ਵਾਸੀ ਤਰਸਿੱਕਾ ਉਮਰ 45 ਸਾਲ ਮੋਬ 8427261165 | 01.ਮਨਦੀਪ ਸਿੰਘ ਪੁੱਤਰ ਬਲਕਾਰ ਸਿੰਘ ਵਾਸੀ ਤਰਸਿੱਕਾ ਥਾਣਾ ਤਰਸਿੱਕਾ 02. ਹਰਜੀਤ ਸਿੰਘ ਪੁੱਤਰ ਬਲਕਾਰ ਸਿੰਘ ਵਾਸੀ ਤਰਸਿੱਕਾ ਥਾਣਾ ਤਰਸਿੱਕਾ 03. ਜੱਗੂ ਪੁੱਤਰ ਬਲਕਾਰ ਸਿੰਘ ਵਾਸੀ ਤਰਸਿੱਕਾ ਥਾਣਾ ਤਰਸਿੱਕਾ 04. ਲਵਪ੍ਰੀਤ ਸਿੰਘ ਪੁੱਤਰ ਬਲਵਿੰਦਰ ਸਿੰਘ ਵਾਸੀ ਤਰਸਿੱਕਾ ਥਾਣਾ | ਮੁਦਈ ਨੇ ਬਿਆਨ ਦਿੱਤਾ ਕਿ ਉਹ ਪਿੰਡ ਨਰਾਇਣਗੜ ਵਿਖੇ ਬਾਬਾ ਜੀਵਨ ਸਿੰਘ ਬਤੋਰ ਗ੍ਰੰਥੀ ਤਾਇਨਾਤ ਹੈ ਉਸ ਦਾ ਲੜਕਾ ਜੁਗਰਾਜ ਸਿੰਘ ਗਾਜੀ ਅਤੇ ਉਸਦੇ ਹੋਰਨਾ ਸਾਥੀਆ ਵੱਲੋ ਸਾਲ 2023 ਵਿੱਚ ਪਿੰਡ ਤਲਵੰਡੀ ਥਾਣਾ ਕੱਥੂਨਗਲ ਅਤੇ ਪਿੰਡ ਗਿੱਲ ਥਾਣਾ ਜੰਡਿਆਲਾ ਵਿੱਚ ਗੋਲੀਆ ਚਲਾਉਣ ਦੇ ਸਬੰਧੀ ਵੱਖ ਵੱਖ ਮੁਕਦਮੇ ਦਰਜ ਹੋਏ ਸੀ ।ਜੋ ਮਨਦੀਪ ਸਿੰਘ ਉਰਫ ਮਨੀ ਉਕਤ ਦੇ ਮੁੱਦਈ ਧਿਰ ਨਾਲ ਸੰਬੰਧ ਹਨ।ਅਤੇ ਕੱਲ ਮਿੱਤੀ 10-4-24 ਨੂੰ ਜਦੋ ਮੇਰਾ ਲੜਕਾ ਜੁਗਰਾਜ ਸਿੰਘ ਗਾਜੀ ਨੇ ਮੈਨੂੰ ਦੱਸਿਆ ਕਿ ਜਦ ਮੈ ਆਪਣੇ ਘਰ ਵਾਪਸ ਆ ਰਿਹਾ ਸੀ ਤਾ ਤਰਸਿੱਕਾ ਬਜਾਰ ਵਿੱਚ ਮਨਦੀਪ ਸਿੰਘ ਦੇ ਦੋਨੋ ਭਰਾਵਾ ਹਰਜੀਤ ਸਿੰਘ ਅਤੇ ਜੱਗੂ ਵੱਲੋ ਜਾਣ ਬੁੱਝ ਕਿ ਆਪਣਾ ਮੋਟਰਸਾਇਕਲ ਉਸਦੇ ਲਾਗੋ ਦੀ ਲੰਘਾਇਆ ਸੀ ।ਜਿਸ ਸਬੰਧੀ ਉਸਦੀ ਹਰਜੀਤ ਸਿੰਘ ਅਤੇ ਜੱਗੂ ਨਾਲ ਬਹਿਸ ਬਾਜੀ ਹੋ ਗਈ ਸੀ ਇਸੇ ਰੰਜਿਸ ਵਿੱਚ ਮਿੱਤੀ 11-4-24 ਨੂੰ ਵਕਤ ਕ੍ਰੀਬ 11:15 ਏ ਐਮ ਮਨਦੀਪ ਸਿੰਘ ਪੁੱਤਰ ਬਲਕਾਰ ਸਿੰਘ ਵਾਸੀ ਤਰਸਿੱਕਾ ਥਾਣਾ ਤਰਸਿੱਕਾ 02. ਹਰਜੀਤ ਸਿੰਘ ਪੁੱਤਰ ਬਲਕਾਰ ਸਿੰਘ ਵਾਸੀ ਤਰਸਿੱਕਾ ਥਾਣਾ ਤਰਸਿੱਕਾ 03. ਜੱਗੂ ਪੁੱਤਰ ਬਲਕਾਰ ਸਿੰਘ ਵਾਸੀ ਤਰਸਿੱਕਾ ਥਾਣਾ ਤਰਸਿੱਕਾ 04. ਲਵਪ੍ਰੀਤ ਸਿੰਘ ਪੁੱਤਰ ਬਲਵਿੰਦਰ ਸਿੰਘ ਵਾਸੀ ਤਰਸਿੱਕਾ ਥਾਣਾ ਤਰਸਿੱਕਾ 05. ਗੋਗਲੀ ਸਿੰਘ ਪੁੱਤਰ ਸੰਤੋਖ ਸਿੰਘ ਵਾਸੀ ਰਸੂਲਪੁਰ ਕਲਾ ਥਾਣਾ ਜੰਡਿਆਲਾ ਸਾਡੇ ਘਰ ਆ ਲਲਕਾਰੇ ਮਰਦੇ ਹੋਏ ਪਿਸਟਲਾ ਨਾਲ ਗੋਲੀਆ ਚਲਾਉਣੀ ਸੁਰੂ ਕਰ ਦਿੱਤੀਆ।ਧਮਕੀਆ ਦਿੰਦੇ ਹੋਏ ਘਰੋ ਭੱਜ ਗਏ।ਜਿਸ ਤੇ ਮੁਕਦਮਾ ਦਰਜ ਕਰਕੇ ਮੁੱਢਲੀ ਤਫਤੀਸ ਅਮਲ ਵਿੱਚ ਲਿਆਦੀ ਗਈ | 32 ਬੋਰ ਦੇ 6 ਖੋਲ ਜਿਸ ਦੇ ਪੈਦੇ ਤੇ 7.65 ਲਿਖਿਆ ਹੈ | ਏ.ਐਸ.ਆਈ ਹਰਬੰਸ ਸਿੰਘ 8427009505 |

| | | | | | | | |
|---|---|---|---|---|---|---|---|
| | | | | ਤਰਸਿੱਕਾ<br>05. ਗੋਗਲੀ ਸਿੰਘ ਪੁੱਤਰ ਸੰਤੋਖ ਸਿੰਘ ਵਾਸੀ ਰਸੂਲਪੁਰ ਕਲਾ ਥਾਣਾ ਜੰਡਿਆਲਾ<br>ਗ੍ਰਿਫਤਾਰੀ ਨਿੱਲ | | | |
| 5 | ਘਰਿੰਡਾ | 82 ਮਿਤੀ 11.04.2024 ਜੁਰਮ 61/1/14 EX. ACT | ASI ਦਲਜੀਤ ਸਿੰਘ 98152-54132 | ਜਗਤਾਰ ਸਿੰਘ ਪੁੱਤਰ ਮਲੂਕ ਸਿੰਘ ਵਾਸੀ ਹਰਦੋ ਰਤਨ (ਰਤਨ ਕਲਾ)<br>ਗ੍ਰਿਫਤਾਰੀ ਨਿੱਲ | ਮਨ SI ਸਮੇਤ ਪੁਲਿਸ ਪਾਰਟ ਗਸ਼ਤ ਕਰਦੀ ਹੋਈ ਟੀ ਪੁਆਇੰਟ ਮੋਦੇ ਪੁੱਜੀ ਤਾ ਮੁਖਬਰ ਖਾਸ ਨੇ ਵਹੀਕਲ ਰੁੱਕਵਾ ਕੇ ਇਤਲਾਹ ਦਿੱਤੀ ਕਿ ਜਗਤਾਰ ਸਿੰਘ ਪੁੱਤਰ ਮਲੂਕ ਸਿੰਘ ਵਾਸੀ ਹਰਦੋ ਰਤਨ (ਰਤਨ ਕਲਾ) ਆਪਣੇ ਘਰ ਵਿੱਚ ਸ਼ਰਾਬ ਨਾਜੈਜ ਕੱਢ ਕਿ ਵੇਚਣ ਦਾ ਧੰਦਾ ਕਰਦਾ ਹੈ ਜੇਕਰ ਹੁਣੇ ਹੀ ਇਸ ਦੇ ਘਰ ਰੇਡ ਕੀਤਾ ਜਾਵੇ ਤਾਂ ਇਹ ਸ਼ਰਾਬ ਨਾਜੈਜ, ਲਾਹਣ ਜਾ ਚਾਲੂ ਭੱਠੀ ਸਮੇਤ ਕਾਬੂ ਆ ਸਕਦਾ ਹੈ। ਇਹ ਇਤਲਾਹ ਸੱਚੀ ਤੇ ਠੋਸ ਹੋਣ ਕਰਕੇ ਮੁੱਕਦਮਾ ਦਰਜ ਰਜਿਸਟਰ ਕੀਤਾ ਗਿਆ ਤੇ ਦੋਸੀ ਦੇ ਘਰ ਰੇਡ ਕਰਨ ਤੇ 400 ਕਿਲੋ ਲਾਹਣ ਬਰਾਮਦ ਹੋਈ ਤੇ ਦੋਸੀ ਮੋਕਾ ਤੋ ਫਰਾਰ ਹੋ ਗਿ੩ । | 400 ਕਿਲੋ ਲਾਹਣ | ASI ਦਲਜੀਤ ਸਿੰਘ 98152-54132 |
| 6 | ਚਾਟੀਵਿੰਡ | 47 ਮਿਤੀ 11.04.2024 ਜੁਰਮ 323,324,506,148,149 ਭ:ਦ | ਬਿੱਲਾ ਸਿੰਘ ਪੁੱਤਰ ਅਵਤਾਰ ਸਿੰਘ ਵਾਸੀ ਇੱਬਣ ਉਮਰ ਕਰੀਬ 35 ਸਾਲ 9646533753 | (1)ਸੰਨੀ ਭੂੰਡੀ ਪੁੱਤਰ ਨਾਮਲੂਮ ਵਾਸੀ ਮੂਲੇਚੱਕ (2) 19/20 ਅਣਪਛਾਤੇ ਵਿਅਕਤੀ<br>ਗ੍ਰਿਫਤਾਰੀ ਨਿੱਲ | ਮੁੱਦਈ ਨੇ ਦਰਜ ਰਜਿਸਟਰ ਕਰਵਾਇਆ ਕਿ ਕਲਾ ਕਿ ਮਿਤੀ 08.04.2024 ਨੂੰ ਵਕਤ ਕਰੀਬ 9:00/09:30 ਵਜੇ ਰਾਤ ਦਾ ਹੋਵੇਗਾ ਕਿ ਆਪਣੇ ਕੰਮ ਲਈ ਲੇਬਰ ਵਾਸਤੇ ਦੋ ਬੰਦੇ ਲੱਭਣ ਲਈ ਗਿਆ ਸੀ ਜਦ ਮੈ ਪਾਣੀ ਵਾਲੀ ਸਰਕਾਰੀ ਟੈਕੀ ਦੇ ਗੇਟ ਪਰ ਪੁੱਜਾ ਤਾ ਭਗਤਾਵਾਲਾ ਸਾਈਡ ਤੋ ਆਉਦੀ ਸੜਕ ਤੇ ਕਰੀਬ 19/20 ਆਦਮੀ ਮੋਟਰਸਾਈਕਲ ਪਰ ਸਵਾਰ ਹੋ ਕੇ ਆਏ ਤਾ ਮੈਨੂੰ ਸੰਨੀ ਭੂਡੀ ਨੇ ਅਵਾਜ ਮਾਰੀ ਤਾ ਮੈ ਉਥੇ ਹੀ ਖੜਾ ਰਿਹਾ ਫਿਰ ਉਨਾ ਨੇ ਹਵਾਈ ਫਾਇਰ ਕੀਤੇ ਫਿਰ ਸੰਨੀ ਭੂਡੀ ਨੇ ਮੇਰੇ ਦਾਤਰ ਨਾਲ ਵਾਰ ਕੀਤਾ ਤਾ ਦਾਤਰ ਦਾ ਵਾਰ ਮੇਰੀ ਖੱਬੀ ਬਾਹ ਦੇ ਕੂਹਣੀ ਦੇ ਉਪਰ ਲੱਗਾ ਤੇ ਫਿਰ ਨਾਲ ਆਏ ਹੋਰ ਨਾਮਲੂਮ ਵਿਅਕਤੀਆ ਨੇ ਦਾਤਰਾ ਨਾਲ ਵਾਰ ਕਰਨੇ ਸ਼ੂਰ ਕਰ ਦਿੱਤੇ ਮੇਰੇ ਖੱਬੇ ਮੋਢੇ ਤੇ ਸੱਜੀ ਬਾਹ ਦੇ ਡੋਲੇ ਉਪਰ ਦਾਤਰ ਦੇ ਵਾਰ ਲੱਗੇ ਸੱਜੇ ਕੰਨ ਵਾਲੇ ਪਾਸੇ ਸਿਰ ਤੇ ਟੱਕ ਲੱਗੇ ਅਤੇ ਖੱਬੀ ਗੱਲ ਕੰਨ ਦੇ ਕੋਲ ਇਕ ਵਾਰ ਤੇਜਧਾਰ ਹਥਿਆਰ ਦਾ ਵਾਰ ਲੱਗਾ ਅਤੇ ਪੇਟ ਦੇ ਸਾਹਮਣੇ ਧੁਨੀ ਦੇ ਉਪਰ ਵੀ ਤੇਜਧਾਰ ਹਥਿਆਰ ਦਾ ਵਾਰ ਲੱਗਾ ਤੇ ਮੈ ਸੱਟਾ ਲੱਗਣ ਕਾਰਨ ਜਮੀਨ ਤੇ ਡਿੱਗ ਗਿਆ ਮੈ ਮਾਰ ਦਿੱਤਾ ਮਾਰ ਦਿੱਤਾ ਦਾ ਰੋਲਾ ਪਾਇਆ ਤੇ ਉਕਤਾਨ ਸਾਰੇ ਯਾਰਬਾਨ ਮੋਕਾ ਤੋ ਭੱਜ ਗਏ। ਜਿਸਤੇ ਮੁਕਦਮਾ ਦਰਜ ਰਜਿਸਟਰ ਕੀਤਾ ਗਿਆ। | | ਐਸ.ਆਈ ਕੁਲਦੀਪ ਰਾਏ 9501112975 |
| 7 | ਜੰਡਿਆਲਾ | 90 ਮਿਤੀ 11-4-2024 ਜੁਰਮ:337,338,279 IPC | ਬਿਆਨ ਅਜਾਨੇ ਸੰਤੋਖ ਸਿੰਘ ਪੁੱਤਰ ਪਾਲ ਸਿੰਘ ਵਾਸੀ ਮੁਹੱਲਾ ਗੁਰੂ ਤੇਗ ਬਹਾਦਰ ਸਕੂਲ ਮੇਨ ਬਜਾਰ ਗਹਿਰੀ ਮੰਡੀ 47 ਸਾਲ 98888-02682 | ਪਰਮਪ੍ਰੀਤ ਸਿੰਘ ਪੁੱਤਰ ਕੁਲਵੰਤ ਸਿੰਘ ਵਾਸੀ ਡੱਡੂਆਂਣਾ ਜਿਲਾ ਅੰਮ੍ਰਿਤਸਰ<br>ਗ੍ਰਿਫਤਾਰੀ ਨਿੱਲ | ਮੁਦਈ ਨੇ ਬਿਆਨ ਕੀਤਾ ਹੈ ਮੇਰਾ ਭਤੀਜਾ ਰਛਪਾਲ ਸਿੰਘ ਪੁੱਤਰ ਸਵਰਨ ਸਿੰਘ ਵਾਸੀ ਗਹਿਰੀ ਮੰਡੀ ਅਤੇ ਲੜਕੀ ਮਨਪ੍ਰੀਤ ਕੌਰ ਪੁੱਤਰੀ ਜਗਤਾਰ ਸਿੰਘ ਵਾਸੀ ਗਹਿਰੀ ਮੰਡੀ ਦੀ ਆਪਸ ਵਿੱਚ 5-6 ਸਾਲ ਤੋ ਫਰੈਂਡਸਿਪ ਚੱਲ ਰਹੀ ਹੈ। ਮਿਤੀ 08-04-2024 ਨੂੰ ਮੇਰੇ ਭਤੀਜੇ ਨੂੰ ਟੈਲੀਫੋਨ ਕਰਕੇ ਬੁਲਾਇਆਂ। ਅਤੇ ਦੋਨੇ ਜਾਣੇ ਮਨਪ੍ਰੀਤ ਕੌਰ ਦੀ ਸਕੂਟਰੀ ਤੇ ਸਵਾਰ ਹੋ ਕੇ ਮੱਲੀਆਂ ਸਾਈਡ ਤੋ ਜੰਡਿਆਲਾ ਗੁਰੂ ਨੂੰ ਆ ਰਹੇ ਸੀ। ਪਰਮਪ੍ਰੀਤ ਸਿੰਘ ਪੁੱਤਰ ਕੁਲਵੰਤ ਸਿੰਘ ਵਾਸੀ ਡੱਡੂਆਂਣਾ ਜਿਲਾ ਅੰਮ੍ਰਿਤਸਰ ਨੇ ਮੈਨੂੰ ਮਿਤੀ 08-04-2024 ਨੂੰ ਵਕਤ ਕ੍ਰੀਬ 7:30 ਵਜੇ ਸਾਮ ਨੂੰ ਟੈਲੀਫੋਨ ਕਰਕੇ ਦੱਸਿਆਂ ਕਿ ਤੁਹਾਡੇ ਲੜਕੇ ਰਛਪਾਲ ਸਿੰਘ ਅਤੇ ਲੜਕੀ ਮਨਪ੍ਰੀਤ ਕੌਰ ਦਾ ਮੇਰੀ ਗੱਡੀ ਨਾਲ ਨਜਦੀਕ ਮੋੜ ਗੁੰਨੋਵਾਲ ਐਕਸੀਡੈਂਟ ਹੋ ਗਿਆ ਹੈ। ਜਿੰਨਾ ਨੂੰ ਰਣਜੀਤ ਹਸਪਤਾਲ ਜੰਡਿਆਲਾ ਗੁਰੁ ਲੈ ਕੇ ਗਿਆ ਸੀ। ਜੋ ਡਾਕਟਰ ਸਾਹਿਬ ਨੇ ਲੜਕੇ ਰਛਪਾਲ ਸਿੰਘ ਨੂੰ ਸ੍ਰੀ ਗੁਰੂ ਰਾਮਦਾਸ ਹਸਪਤਾਲ ਵੱਲਾ ਦਾਖਲ ਕਰਵਾਇਆਂ। ਅਤੇ ਲੜਕੀ ਮਨਪ੍ਰੀਤ ਕੌਰ ਨੂੰ ਰਣਜੀਤ ਹਸਪਤਾਲ ਜੰਡਿਆਲਾ ਗੁਰੂ ਦਾਖਲ ਕਰਵਾਇਆ ਹੈ। ਜਿਸਤੇ ਮੈਂ ਅਤੇ ਮੇਰਾ ਪਰਿਵਾਰ ਸ੍ਰੀ ਗੁਰੂ ਰਾਮਦਾਸ ਹਸਪਤਾਲ ਵੱਲਾ ਪੁੱਜੇ ਤਾਂ ਮੇਰਾ ਭਤੀਜਾ ਰਛਪਾਲ ਸਿੰਘ ਦੇ ਸਿਰ ਵਿੱਚ ਅਤੇ ਸਰੀਰ ਤੇ ਜਿਆਂਦਾ ਸੱਟਾਂ ਲੱਗੀਆਂ ਸਨ। ਜੋ ਅੱਜ ਤੱਕ ਜੇਰੇ ਇਲਾਜ ਹੈ। ਜਿੱਥੇ ਗੱਡੀ ਡਰਾਈਵਰ ਪਰਮਪ੍ਰੀਤ ਸਿੰਘ ਪੁੱਤਰ ਕੁਲਵੰਤ ਸਿੰਘ ਵਾਸੀ ਡੱਡੂਆਣਾ ਜਿਲਾ ਅੰਮ੍ਰਿਤਸਰ ਨੇ ਮੰਨਿਆਂ ਕਿ ਇਹ ਐਕਸੀਡੈਂਟ ਮੇਰੀ ਗੱਡੀ ਨੰਬਰੀ PB10-ED-8867 ਮਾਰਕਾ ਸਵਿਫਟ,ਸਕੂਟਰੀ ਨੰਬਰੀ PB37-G-4887 ਮਾਰਕਾ ਐਕਟਿਵਾ ਰੰਗ ਕਾਲਾ ਵਿੱਚ ਵੱਜਣ ਕਾਰਨ ਮੇਰੀ ਗਲਤੀ ਨਾਲ ਹੋਇਆ ਹੈ ਅਤੇ ਮੈ ਰਛਪਾਲ ਸਿੰਘ ਦਾ ਇਲਾਜ ਕਰਵਾ ਦੇਵਾਂਗਾ। ਅਤੇ ਬਾਅਦ ਵਿੱਚ ਗੱਡੀ ਲੈ ਕੇ ਹਸਪਤਾਲ ਵਿੱਚੋ ਖਿਸਕ ਗਿਆ। ਜਿਸਤੇ ਮੁਕਦਮਾ ਦਰਜ ਰਜਿਸਟਰ ਕੀਤਾ ਗਿਆ। | | ASI ਦੁਰਲਭਦਰਸ਼ਨ ਸਿੰਘ 9780003732 |

| | | | | | | | |
|---|---|---|---|---|---|---|---|
| 8 | ਅਜਨਾਲਾ | 60 ਮਿਤੀ 11-4-24 ਜੁਰਮ 323,324,34 IPC | ਅਤੁਲ ਪੁੱਤਰ ਮੇਜਰ ਮਸੀਹ ਵਾਸੀ ਵਾਰਡ ਨੰ 1 ਗੋਪਾਲ ਨਗਰ ਅਜਨਾਲਾ ਉਮਰ 22 ਸਾਲ ਮੋਬਾਇਲ ਨੰਬਰ 8194987451 | 1. ਸਾਜਨ 2,ਸਾਹਿਲ ਪੁੱਤਰਾਨ ਬਲਦੇਵ ਸਿੰਘ ਉਰਫ ਬੱਬੂ ਵਾਸੀ ਵਾਰਡ ਨੰ 1 ਗੋਪਾਲ ਨਗਰ ਅਜਨਾਲਾ 1 ਨਾਮਲੂਮ ਦੋਸ਼ੀ ਗ੍ਰਿਫਤਾਰੀ ਨਿੱਲ | ਮੁਦਈ ਨੇ ਬਿਆਨ ਕੀਤਾ ਕਿ ਮੈ ਉਕਤ ਪਤੇ ਦਾ ਰਹਿਣ ਵਾਲਾ ਹਾ ਅਤੇ ਮੇਹਨਤ ਮਜਦੂਰੀ ਕਰਦਾ ਹਾ ਮਿਤੀ 12-3-24 ਨੂੰ ਵਕਤ ਕਰੀਬ 8:30 ਰਾਤ ਦਾ ਹੋਵੇਗਾ ਕਿ ਮੈ ਆਪਣੇ ਘਰ ਤੋ ਬਾਹਰ ਬਾਈਪਾਸ ਵਾਲੀ ਸੜਕ ਤੇ ਖੜਾ ਸੀ ਇਨੇ ਨੂੰ ਇਕ ਮੋਟਰ ਸਾਇਕਲ ਜਿਸ ਤੇ 3 ਨੌਜਵਾਨ ਸਵਾਰ ਸਨ ਜਿਨਾ ਵਿਚੋ 2 ਨੋਜਵਾਨ ਸਾਜਨ ਪੁੱਤਰ ਬਲਦੇਵ ਅਤੇ ਸਾਹਿਲ ਪੁੱਤਰ ਬਲਦੇਵ ਨੂੰ ਮੈ ਜਾਣਦਾ ਸੀ ਜੋ ਸਾਡੇ ਮੁਹੱਲੇ ਦੇ ਹੀ ਸਨ ਅਤੇ ਤੀਸਰੇ ਨੌਜਵਾਨ ਨੂੰ ਮੈ ਨਹੀ ਜਾਣਦਾ ਸਾਹਮਣੇ ਆਉਣੇ ਤੇ ਪਛਾਣ ਸਕਦਾ ਹਾ ਜੋ ਉਕਤ ਨੌਜਵਾਨਾ ਨੇ ਮੇਰੇ ਕੋਲ ਆਪਣਾ ਮੋਟਰ ਸਾਇਕਲ ਰੋਕ ਕੇ ਹੇਠਾ ਉਤਰੇ ਜਿਨਾ ਵਿਚ ਸਾਜਨ ਮੁਸੱਲਾ ਬੇਸਬਾਲ ,ਸਾਹਿਲ ਪੁੱਤਰਾਨ ਬਲਦੇਵ ਸਿੰਘ ਉਰਫ ਬੱਬੂ ਮੁਸੱਲਾ ਦਾਤਰ ,ਅਣਪਛਾਤਾ ਨੌਜਵਾਨ ਖਾਲੀ ਹੱਥ ਸੀ ਜਿਨਾ ਵਿਚੋ ਅਣਪਛਾਤੇ ਨੋਜਵਾਨ ਨੇ ਲਲਕਾਰਾ ਮਾਰ ਕਿ ਕਿਹਾ ਕਿ ਫੜ ਲਉ ਇਸ ਨੂੰ ਸਾਡੇ ਨਾਲ ਪਹਿਲਾ ਵੀ ਲੜਾਈ ਕਰਨ ਦਾ ਮਜਾ ਚਖਾ ਦਿਉ ਤਾ ਸਾਹਿਲ ਨੇ ਆਪਣੇ ਦਸਤੀ ਦਾਤਰ ਦਾ ਵਾਰ ਸਿੱਧਾ ਮੇਰੇ ਤੇ ਕੀਤਾ ਜੋ ਮੇਰੇ ਮੱਥੇ ਤੇ ਸੱਜੇ ਪਾਸੇ ਲੱਗਾ ਤਾ ਸਾਜਨ ਨੇ ਆਪਣੀ ਦਸਤੀ ਬੇਸਬਾਲ ਦਾ ਵਾਰ ਮੇਰੇ ਤੇ ਕੀਤਾ ਜੋ ਮੈ ਆਪਣੇ ਬਚਾਉ ਲਈ ਆਪਣੀ ਖੱਬੀ ਬਾਹ ਉਪਰ ਕੀਤੀ ਤਾ ਵਾਰ ਜੋ ਮੇਰੇ ਖੱਬੇ ਗੁੱਟ ਪਰ ਲੱਗਾ ਸਾਜਨ ਨੇ ਦੂਸਰਾ ਵਾਰ ਮੇਰੇ ਸਿਰ ਤੇ ਕੀਤਾ ਜੋ ਮੈ ਜਮੀਨ ਤੇ ਡਿੱਗ ਪਿਆ ਤਾ ਮੈ ਮਾਰ ਦਿੱਤਾ ਮਾਰ ਦਿੱਤਾ ਦਾ ਰੌਲਾ ਪਾਇਆ ਤਾ ਭੀੜ ਇਕੱਠੀ ਹੁੰਦੀ ਦੇਖ ਕੇ ਉਕਤ ਯਾਰਬਾਨ ਆਪਣੇ ਹਥਿਆਰਾ ਸਮੇਤ ਮੌਕੇ ਤੋ ਆਪਣੇ ਮੋਟਰ ਸਾਇਕਲ ਤੇ ਸਵਾਰ ਹੋ ਕੇ ਦੋੜ ਗਏ ਜਿਸ ਤੇ ਮੁਕੱਦਮਾ ਦਰਜ ਰਜਿਸਟਰ ਕੀਤਾ ਗਿਆ। | - | ਏ.ਐਸ.ਆਈ ਅੰਗਰੇਜ ਸਿੰਘ 97798-23535 |
| 9 | ਕੰਬੋਅ | 58 ਮਿਤੀ 11-04-2024 ਜੁਰਮ 363,366 ਭ:ਦ | ਬਖਸ਼ੀਸ਼ ਸਿੰਘ ਪੁੱਤਰ ਬਲਵੰਤ ਸਿੰਘ ਵਾਸੀ ਪਿੰਡ ਬੱਲ ਖੁਰਦ 6284442283 | ਦਲਜੀਤ ਸਿੰਘ ਪੁੱਤਰ ਪਲਵਿੰਦਰ ਸਿੰਘ ਵਾਸੀ ਪਿੰਡ ਜਲਾਲਪੁਰ ਥਾਣਾ ਮਜੀਠਾ ਜਿਲਾ ਅੰਮ੍ਰਿਤਸਰ ਗ੍ਰਿਫਤਾਰੀ ਨਿੱਲ | ਬਿਆਨ ਅਜਾਨੇ ਬਖਸ਼ੀਸ਼ ਸਿੰਘ ਪੁੱਤਰ ਬਲਵੰਤ ਸਿੰਘ ਵਾਸੀ ਪਿੰਡ ਬੱਲ ਖੁਰਦ ਉਮਰ ਕਰੀਬ 47 ਸਾਲ ਫੋਨ ਨੰ: 6284442283 ਬਿਆਨ ਕੀਤਾ ਕਿ ਮੈਂ ਉਕਤ ਪਤੇ ਦਾ ਰਹਿਣ ਵਾਲਾ ਹਾਂ ਮੇਹਨਤ ਮਜਦੂਰੀ ਕਰਦਾ ਹਾ ਅਤੇ ਮੇਰੇ 2 ਬੱਚੇ ਵੱਡੀ ਲੜਕੀ ਅਤੇ ਛੋਟਾ ਲੜਕਾ ਸਰਿੰਦਰਪਾਲ ਸਿੰਘ ਵੱਡੀ ਲੜਕੀ ਜਿਸਦੀ ਉਮਰ ਕਰੀਬ 23 ਸਾਲ ਅੱਜ ਮਿਤੀ 11.4.2024 ਵਕਤ ਕਰੀਬ 9 AM ਦਾ ਹੋਵੇਗਾ ਕਿ ਮੇਰੀ ਲੜਕੀ ਮਨਜੋਤ ਕੌਰ ਨੂੰ ਵਿਆਹ ਦਾ ਝਾਂਸਾ ਦੇਕੇ ਧੋਖੇ ਨਾਲ ਦਲਜੀਤ ਸਿੰਘ ਪੁੱਤਰ ਪਲਵਿੰਦਰ ਸਿੰਘ ਵਾਸੀ ਪਿੰਡ ਜਲਾਲਪੁਰ ਥਾਣਾ ਮਜੀਠਾ ਜਿਲਾ ਅੰਮ੍ਰਿਤਸਰ ਆਪਣੇ ਨਾਲ ਲੈ ਗਿਆ ਹੈ। ਜਿਸਤੇ ਨਾਮਲੂਮ ਦੋਸੀ ਖਿਲਾਫ ਮੁਕੱਦਮਾ ਦਰਜ ਰਜਿਸਟਰ ਕੀਤਾ ਗਿਆ । | | ਏ.ਐਸ.ਆਈ ਜੋਗਿੰਦਰ ਸਿੰਘ 8725849001 |
| 10 | ਕੰਬੋਅ | 59 ਮਿਤੀ 11-04-2024 ਜੁਰਮ 363,366 ਭ:ਦ | ਰਕੇਸ਼ ਕੁਮਾਰ ਪੁੱਤਰ ਅਨੋਖ ਸਿੰਘ ਵਾਸੀ ਪਿੰਡ ਨਵੀਂ ਅਬਾਦੀ ਫੇਜਪੁਰਾ ਅੰਮ੍ਰਿਤਸਰ ਹਾਲ ਵਾਸੀ ਨੰਗਲੀ ਥਾਣਾ ਕੰਬੋਅ ਉਮਰ ਕ੍ਰੀਬ 55 ਸਾਲ ਮੋ: 9592015998 | ਜਗਦੀਸ਼੍ਰਵੀ ਪੁੱਤਰ ਗੁਰਮੇਜ ਸਿੰਘ ਵਾਸੀ ਚਾਟੀਵਿੰਡ ਚਵਿੰਡਾ ਦੇਵੀ ਕੋਟ ਮੱਲੀਆਂ ਗ੍ਰਿਫਤਾਰੀ ਨਿੱਲ | ਮੁਦਈ ਨੇ ਬਿਆਨ ਕੀਤਾ ਕਿ ਮੈ ਮਿਹਨਤ ਮਜਦੂਰੀ ਦਾ ਕੰਮ ਕਰਦਾ ਹਾਂ। ਮੇਰੇ 3 ਬੱਚੇ ਹਨ 2 ਲੜਕੇ ਅਤੇ 1 ਲੜਕੀ ਹੈ। ਜੋ ਲੜਕੀ ਹੈ ਉਹ ਸਭ ਤੋਂ ਛੋਟੀ ਹੈ।ਸਭ ਤੋਂ ਛੋਟੀ ਲੜਕੀ ਜਿਸਦਾ ਨਾਮ ਜਾਨਵੀ ਗਿੱਲ ਹੈ। ਜਿਸਦੀ ਜਨਮ ਮਿਤੀ ਅਧਾਰ ਕਾਰਡ ਮੁਤਾਬਿਕ 19-01-2008 ਹੈ। ਜਿਸਦੀ ਉਮਰ ਕੀਬ 16 ਸਾਲ ਹੈ।ਮੇਰੇ ਦੋਨੋਂ ਬੱਚੇ ਪੜ ਰਹੇ ਹਨ ਅਤੇ ਮੇਰੀ ਲੜਕੀ ਜਾਨਵੀ ਨੇ ਸਾਲ 2023 ਵਿੱਚ ਆਪਣੀ 10 ਕਲਾਸ ਕੀਤੀ ਹੈ। ਜੋ ਇਸ ਵਕਤ ਆਪਣੇ ਘਰ ਵਿੱਚ ਹੀ ਰਹਿੰਦੀ ਸੀ ਅੱਜ ਮਿਤੀ 11-04-2024 ਨੂੰ ਵਕਤ ਕੀਬ 10:00 ਵਜੇ ਮੈਂ ਅਤੇ ਮੇਰੀ ਪਤਨੀ ਮੀਤਾਂ ਅਤੇ ਮੇਰੇ ਦੋਵੇਂ ਲੜਕੇ ਘਰੇਲੂ ਸਮਾਨ ਲੈਣ ਲਈ ਬਾਜਾਰ ਗਏ ਸੀ।ਅਸੀਂ ਆਪਣੀ ਲੜਕੀ ਜਾਨਵੀ ਗਿੱਲ ਨੂੰ ਘਰ ਛੱਡ ਗਏ ਸੀ। ਤਾਂ ਅਸੀਂ ਵਕਤ ਕੀਬ 02:00 ਵਜੇ ਦੁਪਿਹਰ ਸਮਾਨ ਖਰੀਦ ਕਰਕੇ ਘਰ ਆਏ ਤਾਂ ਅਸੀਂ ਆ ਕੇ ਵੇਖਿਆ ਤਾਂ ਮੇਰੀ ਲੜਕੀ ਘਰ ਨਹੀਂ ਸੀ। ਜਿਸਦੀ ਅਸੀਂ ਆਪਣੇ ਨਜਦੀਕੀ ਆਂਢ-ਗੁਆਂਢ ਪਾਸੋਂ ਕਾਫੀ ਭਾਲ ਕੀਤੀ ਅਤੇ ਅਸੀਂ ਆਪਣੇ ਰਿਸ਼ਤੇਦਾਰਾਂ ਪਾਸੋਂ ਵੀ ਹੁਣ ਤੱਕ ਭਾਲ ਕਰਦੇ ਰਹੇ। ਮੇਰੀ ਲੜਕੀ ਜਾਨਵੀ ਗਿੱਲ ਨਹੀਂ ਮਿਲੀ ਜੋ ਇੱਕ ਲੜਕਾ ਜਗਦੀਸ਼੍ਰਵੀ ਪੁੱਤਰ ਗੁਰਮੇਜ ਸਿੰਘ ਵਾਸੀ ਚਾਟੀਵਿੰਡ ਚਵਿੰਡਾ ਦੇਵੀ ਕੋਟ ਮੱਲੀਆਂ ਜੋ ਮੇਰੇ ਨਾਲ ਮਿਹਨਤ ਮਜਦੂਰੀ ਦਾ ਕੰਮ ਕਰਦਾ ਸੀ। ਸਾਡੇ ਘਰ ਵਿੱਚ ਉਸਦਾ ਆਉਣ ਜਾਣ ਸੀ।ਜੋ ਮੇਰੀ ਲੜਕੀ ਤੇ ਮਾੜੀ ਨਿਗਾ ਰੱਖਦਾ ਸੀ। ਮੈਂ ਉਸਨੂੰ ਆਪਣੇ ਘਰ ਆਉਣ ਤੋਂ ਰੋਕਦਾ ਸੀ। ਫਿਰ ਵੀ ਉਹ ਮੇਰੇ ਘਰ ਵਿੱਚ ਅੱਗੇ ਪਿੱਛੋਂ ਆਉਂਦਾ ਜਾਂਦਾ ਰਹਿੰਦਾ ਸੀ। ਮੈਨੂੰ ਪੱਕਾ ਯਕੀਨ ਹੈ ਕਿ ਮੇਰੀ ਲੜਕੀ ਨੂੰ ਜਗਦੀਸ਼ ਸਿੰਘ ਵਰਗਲਾ ਫੁਸਲਾ ਕੇ ਵਿਆਹ ਦਾ ਝਾਂਸਾਂ ਦੇ ਕੇ ਕਿਧਰੇ ਭਜਾ ਕੇ ਲੈ ਗਿਆ ਹੈ। ਜਿਸਤੇ ਦੋਸੀ ਖਿਲਾਫ ਮੁਕੱਦਮਾ ਦਰਜ ਰਜਿਸਟਰ ਕੀਤਾ ਗਿਆ । | | ਏ.ਐਸ.ਆਈ ਅਮਰ ਸਿੰਘ 1189 9780005710 |

ਸਹੀ/-
ਪੁਲਿਸ ਕੰਟੋਰਲ ਰੂਮ
ਅੰਮ੍ਰਿਤਸਰ(ਦਿਹਾਤੀ)
ਮਿਤੀ 12-04-2024